BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਨੇ ਬ੍ਰੈਂਪਟਨ ਗ੍ਰੋਜ ਔਫ-ਗ੍ਰਿਡ ਸ਼ੈੱਡ ਦਾ ਪਰਦਾ ਚੁੱਕਿਆ



ਬ੍ਰੈਂਪਟਨ, ਓਨਟੈਰੀਓ (24 ਮਈ, 2022) – ਅੱਜ, ਸਿਟੀ ਆਫ ਬ੍ਰੈਂਪਟਨ ਨੇ, ਬ੍ਰੈਂਪਟਨ ਗ੍ਰੋਜ ਔਫ-ਗ੍ਰਿਡ ਸ਼ੈੱਡ (Brampton Grows Off-Grid Shed) ਦਾ ਪਰਦਾ ਚੁੱਕਿਆ। ਇਹ ਸਿਟੀ ਦਾ ਪਹਿਲਾ ਔਰਗੈਨਿਕ, ਸੈਲਫ-ਸਸਟੇਨਿੰਗ ਅਤੇ ਰੀਜੈਨਰੇਟਿਵ ਫੂਡ ਸਿਸਟਮ ਹੈ, ਜੋ ਬ੍ਰੈਂਪਟਨ ਵਿੱਚ ਕਈ ਪਰਿਵਾਰਾਂ ਲਈ ਫੂਡ ਪੈਦਾ ਕਰੇਗਾ।

ਬ੍ਰੈਂਪਟਨ ਗ੍ਰੋਜ ਔਫ-ਗ੍ਰਿਡ ਸ਼ੈੱਡ, ਬ੍ਰੈਂਪਟਨ ਪਾਰਕਸ (Brampton Parks) ਅਤੇ ਬ੍ਰੈਂਪਟਨ ਫਾਇਰ ਸਟੇਸ਼ਨ 212 (Brampton Fire Station 212) ਵਿਖੇ ਸਥਿਤ ਹੈ ਅਤੇ ਇਸ ਗਰਮੀ ਤੋਂ ਸ਼ੁਰੂ ਕਰਦੇ ਹੋਏ, ਇਹਨਾਂ ਵੱਲੋਂ ਇਸਦੀ ਹਿਮਾਇਤ ਕੀਤੀ ਜਾਵੇਗੀ। ਇਹ ਸ਼ੈੱਡ, ਨੇਚਰ ਹਾਰਮਨੀ (Nature Harmony) ਵੱਲੋਂ ਪ੍ਰਦਾਨ ਕੀਤਾ ਗਿਆ ਹੈ ਅਤੇ ਇਸਦਾ ਜ਼ੀਰੋ-ਐਨਰਜੀ ਗ੍ਰੀਨਹਾਊਸ ਸਟ੍ਰਕਚਰ ਹੈ, ਜੋ ਫੂਡ ਸ਼ੈੱਡ ਤੋਂ ਫੂਡ ਪੈਦਾ ਕਰੇਗਾ ਅਤੇ ਉਸ ਫੂਡ ਨੂੰ ਬੈਕਯਾਰਡ ਗਾਰਡਨ ਪ੍ਰੋਗਰਾਮ (Backyard Garden Program) ਦੇ ਹਿੱਸੇ ਵਜੋਂ, ਬ੍ਰੈਂਪਟਨ ਵਿੱਚ ਪਰਿਵਾਰਾਂ ਨੂੰ ਭੋਜਨ ਪ੍ਰਦਾਨ ਕਰਨ ਲਈ ਰੀਜੈਨਰੇਸ਼ਨ ਆਉਟਰੀਚ ਕਮਿਉਨਿਟੀ (Regeneration Outreach Community) ਨੂੰ ਡੋਨੇਟ ਕੀਤਾ ਜਾਵੇਗਾ।

ਇਸ ਇਨੋਵੇਟਿਵ ਟੈਕਨੋਲੋਜੀ ਵਿੱਚ ਇਸਦਾ ਆਪਣਾ ਈਕੋਸਿਸਟਮ ਸ਼ਾਮਲ ਹੈ, ਜਿਸ ਵਿੱਚ ਖਾਣਯੋਗ ਔਰਗੈਨਿਕ ਫਲ ਅਤੇ ਸਬਜ਼ੀਆਂ ਉਗਾਉਣ ਅਤੇ ਖਾਣਯੋਗ ਮੱਛੀ ਲਈ ਵੀ, ਮਿੱਟੀ-ਅਧਾਰਤ ਖੇਤੀ, ਹਾਈਡ੍ਰੋਪੋਨਿਕਸ ਅਤੇ ਐਕਵਾਪੋਨਿਕਸ ਸਿਸਟਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸ਼ੈੱਡ ਦਾ, ਸੋਲਰ

ਰਿਨਿਊਏਬਲ ਐਨਰਜੀ ਨਾਲ ਪਾਵਰਡ, ਜ਼ੀਰੋ-ਵੇਸਟ ਅਤੇ ਕਾਰਬਨ ਨੈਗੇਟਿਵ ਹੈ ਅਤੇ ਇਹ ਬਹੁਤ ਜ਼ਿਆਦਾ ਸਰਦੀ ਵਿੱਚ ਵੀ ਕਾਇਮ ਰਹਿਣ ਲਈ ਤਿਆਰ ਕੀਤਾ ਗਿਆ ਹੈ। ਸਥਿਰ ਇਨਡੋਰ ਫਾਰਮ, ਸ਼ੈੱਡ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਨੂੰ ਦੇਖਣ ਵਾਸਤੇ, ਹਰ ਵਰਗ ਦੇ ਸ਼ਾਮਲ ਹੋਣ ਵਾਲੇ ਲੋਕਾਂ ਲਈ ਇੱਕ ਇੰਟਰਐਕਟਿਵ ਸਿੱਖਿਅਕ ਅਨੁਭਵ ਪ੍ਰਦਾਨ ਕਰਦਾ ਹੈ।

ਬ੍ਰੈਂਪਟਨ ਗ੍ਰੋਜ਼ ਔਫ-ਗ੍ਰਿਡ ਸ਼ੈੱਡ, ਬ੍ਰੈਂਪਟਨ ਗ੍ਰੋ ਗ੍ਰੀਨ ਐਨਵਾਇਰਨਮੈਂਟਲ ਮਾਸਟਰ ਪਲਾਨ (Brampton Grow Green Environmental Master Plan) ਦੇ ਟੀਚਿਆਂ ਨੂੰ ਅੱਗੇ ਵਧਾਉਂਦਾ ਹੈ, ਜੋ ਸਿਟੀ ਲਈ ਇੱਕ ਮੌਕੇ ਵਜੋਂ, ਸ਼ਹਿਰੀ ਖੇਤੀ ਦੀ ਮਿਸਾਲ ਦਿੰਦਾ ਹੈ।

**ਹਵਾਲੇ**

“ਬ੍ਰੈਂਪਟਨ ਸਿਟੀ ਕਾਊਂਸਿਲ ਨੇ, ਬ੍ਰੈਂਪਟਨ ਗ੍ਰੋਜ਼ ਔਫ-ਗ੍ਰਿਡ ਸ਼ੈੱਡ ਨੂੰ ਮਈ 2021 ਵਿੱਚ ਪ੍ਰਵਾਨਗੀ ਦਿੱਤੀ ਸੀ। ਗ੍ਰੀਨ ਸਿਟੀ ਹੋਣ ਵਜੋਂ, ਸਾਨੂੰ ਬ੍ਰੈਂਪਟਨ ਵਿੱਚ ਸਥਿਰਤਾ ਦੇ ਨਵੇਂ ਮਾੱਡਲ ਸਥਾਪਤ ਕਰਨ ਤੇ ਮਾਣ ਹੈ ਅਤੇ ਅਸੀਂ ਔਰਗੈਨਿਕ ਫੂਡ ਸ਼ੈੱਡ ਦੀ ਹਿਮਾਇਤ ਕਰਨ ਲਈ ਉਤਸ਼ਾਹਿਤ ਹਾਂ। ਨੇਚਰ ਹਾਰਮਨੀ ਵਿਖੇ ਸਾਡੇ ਭਾਈਵਾਲਾਂ ਦਾ ਧੰਨਵਾਦ।”

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

“ਸ਼ਹਿਰੀ ਖੇਤੀ ਵਿੱਚ ਇੱਕ ਵੱਡੀ ਉਪਲਬਧੀ, ਬ੍ਰੈਂਪਟਨ ਗ੍ਰੋਜ਼ ਔਫ-ਗ੍ਰਿਡ ਸ਼ੈੱਡ ਆਪਣੀ ਖੁਦ ਦੀ ਊਰਜਾ ਪੈਦਾ ਕਰਦਾ ਹੈ, ਜ਼ੀਰੋ-ਵੇਸਟ ਸਿਸਟਮ ਕਾਇਮ ਰੱਖਦਾ ਹੈ, ਵਰਖਾ ਦੇ ਪਾਣੀ ਨੂੰ ਇਕੱਤਰ ਕਰਦਾ ਹੈ ਅਤੇ ਕਾਰਬਨ ਨੂੰ ਸੋਖਦਾ ਅਤੇ ਤਾਜ਼ੀ ਆਕਸੀਜਨ ਛੱਡਦਾ ਹੈ। ਅਸੀਂ ਸਾਡੀ ਕਮਿਊਨਿਟੀ ਲਈ ਵੱਧ ਸਥਿਰ ਭਵਿੱਖ ਵਾਸਤੇ ਅਗਵਾਈ ਕਰਨ ਲਈ ਉਤਸ਼ਾਹਿਤ ਹਾਂ।”

- *ਰੋਏਨਾ ਸੈਨਟੋਸ* (Rowena Santos), *ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਬ੍ਰੈਂਪਟਨ ਗ੍ਰੋਜ਼ ਔਫ-ਗ੍ਰਿਡ ਸ਼ੈੱਡ ਇੱਕ ਇਨੋਵੇਟਿਵ ਪਹਿਲਕਦਮੀ ਹੈ, ਜੋ ਬ੍ਰੈਂਪਟਨ ਵਿੱਚ ਲੋੜਵੰਦ ਲੋਕਾਂ ਦੀ ਸਹਾਇਤਾ ਕਰੇਗੀ। ਅਸੀਂ ਬੈਕਯਾਰਡ ਗਾਰਡਨ ਪ੍ਰੋਗਰਾਮ ਦੇ ਹਿੱਸੇ ਵਜੋਂ, ਫੂਡ ਸ਼ੈੱਡ ਤੋਂ ਹੋਈ ਪੈਦਾਵਾਰ ਨੂੰ ਬ੍ਰੈਂਪਟਨ ਵਿੱਚ ਪਰਿਵਾਰਾਂ ਨੂੰ ਭੋਜਨ ਪ੍ਰਦਾਨ ਕਰਨ ਲਈ ਰੀਜੈਨਰੇਸ਼ਨ ਆਊਟਰੀਚ ਕਮਿਊਨਿਟੀ ਨੂੰ ਡੋਨੇਟ ਕਰਾਂਗੇ।”

- *ਡਗ ਵ੍ਹਿਲੈਨਸ* (Doug Whillans), *ਸਿਟੀ ਕਾਊਂਸਲਰ, ਵਾਰਡਸ 2 ਅਤੇ 6; ਚੇਅਰ, ਬੈਕਯਾਰਡ ਗਾਰਡਨ ਪ੍ਰੋਗਰਾਮ, ਸਿਟੀ ਆਫ ਬ੍ਰੈਂਪਟਨ*

“ਸਿਟੀ, ਬ੍ਰੈਂਪਟਨ ਵਿੱਚ ਫੂਡ ਸਿਕਿਓਰਿਟੀ ਅਤੇ ਵਾਤਾਵਰਣ ਸਬੰਧੀ ਸਥਿਰਤਾ ਪੈਦਾ ਕਰਨ ਲਈ ਵਚਨਬੱਧ ਹੈ। ਫਾਇਰ ਸਟੇਸ਼ਨ ਵਿਖੇ ਸਾਡੇ ਸਟਾਫ ਨੂੰ, ਬ੍ਰੈਂਪਟਨ ਗ੍ਰੋਜ਼ ਔਫ-ਗ੍ਰਿਡ ਸ਼ੈੱਡ ਦੀ ਹਿਮਾਇਤ ਲਈ ਟ੍ਰੇਨਿੰਗ ਦਿੱਤੀ ਜਾਵੇਗੀ।”

- *ਪਾੱਲ ਮੋਰਿਸਨ* (Paul Morrison), *ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON

Media Release

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca